# PUNJABI LITERATURE

**Time : 3 Hours** **Max Marks: 150**

**Note : Attempt five questions in all. All questions carry equal marks. Q No. 1 is compulsory. Answer any two questions from Part-I and two questions from Part-II. The parts of the same questions must be answered together and must not be interposed between answers to other questions.**

1. ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਦਾ ਉੱਤਰ ਦਿਓ
   a) ਕਾਫ਼ੀ ਰਾਗਣੀ ਹੈ ਜਾਂ ਕਾਵਿ ਰੂਪ? ਸਪਸ਼ਟ ਕਰੋ।
   b) ਪੰਜਾਬੀ ਰੰਗਮੰਚ ਦੇ ਜਨਮ ਅਤੇ ਵਿਕਾਸ ਬਾਰੇ ਚਰਚਾ ਕਰੋ।
   c) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ ਉੱਤੇ ਨੋਟ ਲਿਖੋ।
   d) ਪੰਜਾਬੀ ਭਾਸ਼ਾ ਵਿੱਚ ਤਤਸਮ ਤੇ ਤਦਭਵ ਸ਼ਬਦਾਂ ਦੀ ਬਣਤਰ ਤੇ ਮਹੱਤਤਾ ਦਰਸਾਓ।
   e) ਵਾਰ ਅਤੇ ਜੰਗਨਾਮਾ ਦਾ ਅੰਤਰ ਸਪਸ਼ਟ ਕਰਦੇ ਹੋਏ 'ਜੰਗਨਾਮਾ ਸ਼ਾਹ ਮੁਹੰਮਦ' ਦੀ ਸਾਹਿਤਿਕਤਾ ਬਿਆਨ ਕਰੋ।
   f) ਲੋਕਗੀਤਾਂ ਦੇ ਸਭਿਆਚਾਰਕ ਮਹੱਤਵ ਉੱਤੇ ਨੋਟ ਲਿਖੋ।
   g) ਲਿੱਪੀ ਕੀ ਹੈ? ਗੁਰਮੁਖੀ ਦੀ ਪੰਜਾਬੀ ਲਈ ਯੋਗਤਾ ਦੇ ਕਿਹੜੇ ਆਧਾਰ ਹਨ? ਚਰਚਾਕਰੋ।

(6×5=30)

### ਭਾਗ-I

2. a) ਲੋਕਸਾਹਿਤ ਕੀ ਹੈ? ਪੰਜਾਬੀ ਦੀ ਲੋਕਸਾਹਿਤ ਸਮੱਗਰੀ ਦਾ ਵਿਗਿਆਨਕ ਵਰਗੀਕਰਨ ਕਰੋ।
   b) ਪੰਜਾਬੀ ਧੁਨੀ ਵਿਉਂਤ ਦਾ ਸਵਿਸਤਾਰ ਵਰਣਨ ਕਰੋ। (15×2=30)

3. a) ਪੰਜਾਬੀ ਨਿੱਕੀ ਕਹਾਣੀ ਦੇ ਖੇਤਰ ਵਿੱਚ ਕੁਲਵੰਤ ਸਿੰਘ ਵਿਰਕ ਦਾ ਸਥਾਨ ਨਿਸ਼ਚਿਤ ਕਰੋ।
   b) ਮਹਾਂਕਾਵਿ ਦੀ ਭਾਰਤੀ ਪਰੰਪਰਾ ਦਾ ਉਲੇਖ ਕਰਦੇ ਹੋਏ ਪੰਜਾਬੀ ਮਹਾਂਕਾਵਿ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਦੱਸੋ। (15×2=30)

4. a) ਹਰਿਭਜਨ ਸਿੰਘ ਅਤੇ ਤਾਰਾ ਸਿੰਘ ਦੇ ਵਿਸ਼ੇਸ਼ ਪ੍ਰਸੰਗ ਵਿੱਚ ਪੰਜਾਬੀ ਦੀ ਸੁਹਜਵਾਦੀ ਕਾਵਿਧਾਰਾ ਦੇ ਮਹੱਤਵ ਨੂੰ ਉਭਾਰੋ।
   b) ਗੁਰਮਤਿ ਕਾਵਿਧਾਰਾ ਨੂੰ ਵਿਸ਼ੇ ਅਤੇ ਰੂਪ ਦੇ ਪੱਖੋਂ ਮੱਧਕਾਲੀ ਪੰਜਾਬੀ ਸਾਹਿਤ ਦੀ ਸਭ ਤੋਂ ਮਹੱਤਵਪੂਰਨ ਧਾਰਾ ਕਿਉਂ ਮੰਨਿਆ ਜਾਂਦਾ ਹੈ? ਵਿਸਥਾਰ ਸਹਿਤ ਵਰਣਨ ਕਰੋ।

(15×2=30)

### ਭਾਗ- II

5. a) "'ਹੀਰ ਵਾਰਿਸ' ਪੰਜਾਬੀ ਸਭਿਆਚਾਰ ਦੀ ਭਰਵੀਂ ਵਾਸਤਵਿਕਤਾ ਨਾਲ ਓਤਪੋਤ ਹੈ" ਕਿਵੇਂ?
   b) ਪੰਜਾਬੀ ਦੇ ਪ੍ਰਮੁੱਖ ਵਾਰਤਕਕਾਰਾਂ ਗੁਰਬਖਸ਼ ਸਿੰਘ ਅਤੇ ਬਲਰਾਜ ਸਾਹਨੀ ਦੀ ਵਾਰਤਕ ਦੀਆ ਸ਼ੈਲੀਗਤ ਵਿਸ਼ੇਸ਼ਤਾਵਾਂ ਉੱਤੇ ਟਿੱਪਣੀ ਕਰੋ।

(15×2=30)

6. a) ਬੁੱਲੇਸ਼ਾਹ ਦੀ ਵਿਅੰਗ ਵਿਧੀ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਹਨ? ਵਿਸਥਾਰ ਸਹਿਤ ਚਰਚਾ ਕਰੋ।

   b) 'ਆਸਾ ਦੀ ਵਾਰ' ਦੀ ਖੰਡਨ ਸ਼ੈਲੀ ਦਾ ਵਿਸਥਾਰਮਈ ਵਰਣਨ ਕਰੋ।

(15×2=30)

7. a) ਨਾਨਕ ਸਿੰਘ ਦੀਆਂ ਪ੍ਰਮੱਖ ਨਾਵਲੀ ਜੁਗਤਾਂ ਦੀ ਨਿਸ਼ਾਨਦੇਹੀ ਕਰੋ।

   b) ਬਲਵੰਤ ਗਾਰਗੀ ਦੇ ਨਾਟਕ 'ਧੂਣੀ ਦੀ ਅੱਗ' ਦੀ ਮੂਲ ਸਮੱਸਿਆ ਬਾਰੇ ਚਾਨਣਾ ਪਾਓ।

(15×2=30)